# ਪੰਜਾਬ ਸਕੂਲ ਸਿੱਖਿਆ ਬੋਰਡ

**ਵਿੱਦਿਆ ਭਵਨ, ਫੇਜ਼ 8**

**ਸਾਹਿਬਜ਼ਾਦਾ ਅਜੀਤ ਸਿੰਘ ਨਗਰ**

## ਪ੍ਰੈੱਸ ਨੋਟ

ਸੀਨੀਅਰ ਸੈਕੰਡਰੀ ਪਰੀਖਿਆ ਸਮੈਸਟਰ-I, ਸਤੰਬਰ-2010 ਦਾ ਨਤੀਜਾ ਅੱਜ ਮਿਤੀ 13-12-2010 ਨੂੰ ਘੋਸ਼ਿਤ ਕੀਤਾ ਜਾ ਰਿਹਾ ਹੈ। ਇਸ ਪਰੀਖਿਆ ਲਈ ਪਰੀਖਿਆਰਥੀਆਂ ਦੀ ਪਾਸ ਪ੍ਰਤੀਸ਼ਤਤਾ ਹੇਠ ਲਿਖੇ ਅਨੁਸਾਰ ਹੈ :-

| | **ਅਪੀਅਰ** | **ਪਾਸ** | **ਪਾਸ ਪ੍ਰਤੀਸ਼ਤ** |
|---|---|---|---|
| **ਪਰੀਖਿਆਰਥੀਆਂ ਦੀ ਗਿਣਤੀ** | 279503 | 202224 | 72.35 |

ਸਕੂਲ/ਪ੍ਰਾਈਵੇਟ ਪਰੀਖਿਆਰਥੀਆਂ ਦੇ ਨਤੀਜੇ ਦੇ ਪੂਰੇ ਵੇਰਵੇ ਮਿਤੀ 14 ਦਸੰਬਰ, 2010 ਨੂੰ ਸਵੇਰੇ 6.00 ਵਜੇ ਬੋਰਡ ਦੀ ਆਪਣੀ ਵੈੱਬ-ਸਾਈਟ **www.pseb.ac.in** ਤੇ ਉਪਲੱਬਧ ਹੋਣਗੇ। ਇਸ ਤੋਂ ਇਲਾਵਾ ਬੋਰਡ ਦੀ ਵੈੱਬ-ਸਾਈਟ ਤੇ ਪਰੀਖਿਆਰਥੀਆਂ ਦੀ ਸਹੂਲਤ ਲਈ **E-Mail** ਰਾਹੀਂ ਨਤੀਜਾ ਦੱਸਣ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਇਸ ਸੁਵਿਧਾ ਨੂੰ ਲੈਣ ਲਈ ਪਹਿਲਾਂ ਰਜਿਸਟਰ ਹੋਣਾ ਜਰੂਰੀ ਹੈ। ਇਹ ਨਤੀਜਾ ਮੋਬਾਈਲ ਫੋਨ ਤੇ PSEB12 <roll number> ਲਿਖ ਕੇ 56731 ਨੰਬਰ ਦੇ ਉੱਤੇ ਭੇਜਣ ਤੇ ਵੀ ਉਪਲੱਬਧ ਹੋਵੇਗਾ। ਨਤੀਜਾ ਕਟਿੰਗ, ਫੇਲ੍ਹ/ਰੀ-ਅਪੀਅਰ ਪਰੀਖਿਆਰਥੀਆਂ ਦੀ ਸੂਚੀ ਸਕੂਲ ਮੁਖੀ ਆਪਣੇ ਜ਼ਿਲ੍ਹੇ ਦੇ ਸਬੰਧਤ ਖੇਤਰੀ ਦਫਤਰ ਤੋਂ ਮਿਤੀ 20.12.2010 ਨੂੰ ਪ੍ਰਾਪਤ ਕਰ ਸਕਦੇ ਹਨ। ਜ਼ਿਲ੍ਹਾ ਬਰਨਾਲਾ ਦੇ ਸਕੂਲਾਂ ਦੇ ਮੁਖੀ ਆਪਣੇ ਸਕੂਲਾਂ ਦੀ ਨਤੀਜਾ ਕਟਿੰਗ ਖੇਤਰੀ ਦਫਤਰ ਸੰਗਰੂਰ ਤੋਂ, ਜ਼ਿਲ੍ਹਾ ਸੰਗਰੂਰ ਦੀ ਤਹਿਸੀਲ ਮੂਨਕ ਵਿੱਚ ਪੈਂਦੇ ਸਕੂਲਾਂ ਦੇ ਮੁਖੀ ਆਪਣੇ ਸਕੂਲਾਂ ਦੀ ਨਤੀਜਾ ਕਟਿੰਗ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਮੂਨਕ ਵਿਖੇ ਸਥਿਤ ਖੇਤਰੀ ਦਫਤਰ ਤੋਂ, ਤਹਿਸੀਲਾਂ ਪਠਾਨਕੋਟ ਅਤੇ ਧਾਰ ਕਲਾਂ ਦੇ ਸਕੂਲਾਂ ਦੇ ਮੁਖੀ ਆਪਣੇ ਸਕੂਲਾਂ ਦੀ ਨਤੀਜਾ ਕਟਿੰਗ ਖੇਤਰੀ ਦਫਤਰ ਪਠਾਨਕੋਟ ਤੋਂ, ਜ਼ਿਲ੍ਹਾ ਤਰਨਤਾਰਨ ਦੇ ਸਕੂਲਾਂ ਦੇ ਮੁਖੀ ਆਪਣੇ ਸਕੂਲਾਂ ਦੀ ਨਤੀਜਾ ਕਟਿੰਗ ਖੇਤਰੀ ਦਫਤਰ ਪੱਟੀ ਤੋਂ, ਜ਼ਿਲ੍ਹਾ ਫਿਰੋਜ਼ਪੁਰ ਦੀ ਅਬੋਹਰ ਤਹਿਸੀਲ ਵਿੱਚ ਪੈਂਦੇ ਸਕੂਲਾਂ ਦੇ ਮੁਖੀ ਆਪਣੇ ਸਕੂਲਾਂ ਦੀ ਨਤੀਜਾ ਕਟਿੰਗ ਖੇਤਰੀ ਦਫਤਰ ਅਬੋਹਰ ਤੋਂ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਪੈਂਦੇ ਸਕੂਲਾਂ ਦੇ ਮੁਖੀ ਆਪਣੇ ਸਕੂਲਾਂ ਦੀ ਨਤੀਜਾ ਕਟਿੰਗ ਮੁੱਖ ਦਫਤਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ ਪ੍ਰਾਪਤ ਕਰਨਗੇ। ਸਕੂਲ ਮੁਖੀ ਆਪਣੇ ਸਕੂਲ ਦੇ ਪਰੀਖਿਆਰਥੀਆਂ ਦਾ ਨਤੀਜਾ ਬੋਰਡ ਦੀ ਵੈੱਬ-ਸਾਈਟ ਤੋਂ ਆਪਣੇ ਸਕੂਲ ਦਾ ਸਕੂਲ ਕੋਡ ਪਾ ਕੇ ਪ੍ਰਾਪਤ ਕਰ ਸਕਦੇ ਹਨ।

ਇਸ ਪਰੀਖਿਆ ਵਿੱਚ ਫੇਲ੍ਹ/ਰੀ-ਅਪੀਅਰ ਹੋਏ ਪਰੀਖਿਆਰਥੀਆਂ ਦੀ ਦਾਖਲਾ ਫੀਸ ਭੇਜਣ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ:-

| | |
|---|---|
| ਬਿਨਾ ਲੇਟ ਫੀਸ | ਮਿਤੀ 30.12.2010 ਤੱਕ |
| 500/-ਰੁ: ਲੇਟ ਫੀਸ ਨਾਲ | ਮਿਤੀ 06.01.2011 ਤੱਕ |
| 1000/-ਰੁ: ਲੇਟ ਫੀਸ ਨਾਲ | ਮਿਤੀ 13.01.2011 ਤੱਕ |

**ਜ਼ਰੂਰੀ ਨੋਟ:-** ਇਨ੍ਹਾਂ ਮਿਤੀਆਂ ਤੋਂ ਬਾਅਦ ਕੋਈ ਦਾਖਲਾ ਫਾਰਮ/ਫੀਸ ਪ੍ਰਾਪਤ ਨਹੀਂ ਕੀਤੀ ਜਾਵੇਗੀ।

ਨਤੀਜਾ ਵਿਖਾ ਰਹੀਆਂ ਫਰਮਾਂ ਅਤੇ ਇਸ ਨਾਲ ਸਬੰਧਤ ਕੋਈ ਵੀ ਸੰਸਥਾਂ ਜਾਂ ਪੰਜਾਬ ਸਕੂਲ ਸਿੱਖਿਆ ਬੋਰਡ, ਨਤੀਜੇ ਦੇ ਛਪਣ ਵਿਚ ਕਿਸੇ ਗਲਤੀ ਲਈ ਜਿੰਮੇਵਾਰ ਨਹੀਂ ਹੈ। ਇਹ ਘੋਸ਼ਿਤ ਕੀਤੇ ਨਤੀਜੇ ਕੇਵਲ ਪਰੀਖਿਆਰਥੀਆਂ ਦੀ ਤੁਰੰਤ ਜਾਣਕਾਰੀ ਲਈ ਹਨ, ਇਨ੍ਹਾਂ ਨੂੰ ਅਸਲ ਨਤੀਜਾ ਨਹੀਂ ਮੰਨਿਆ ਜਾ ਸਕਦਾ। ਅਸਲ ਨਤੀਜਾ ਕਾਰਡ ਬੋਰਡ ਵਲੋਂ ਵੱਖਰੇ ਤੌਰ ਤੇ ਜਾਰੀ ਕੀਤੇ ਜਾਣਗੇ। ਵਿਦਿਆਰਥੀਆਂ ਨੂੰ ਨਸੀਅਤ ਕੀਤੀ ਜਾਂਦੀ ਹੈ ਕਿ ਉਹ ਠੀਕ ਜਾਣਕਾਰੀ ਲਈ ਬੋਰਡ ਵਲੋਂ ਜਾਰੀ ਨਤੀਜਾ ਕਾਰਡਾਂ ਤੇ ਹੀ ਨਿਰਭਰ ਕਰਨ।

**(ਡਾ. ਦਲਬੀਰ ਸਿੰਘ ਢਿੱਲੋਂ)**
ਚੇਅਰਮੈਨ